Punjabi - Number 63
March 2024

# ਇਮਿਊਨ ਗਲੋਬੁਲਿਨ
# Immune Globulin

## ਇਮਿਊਨ ਗਲੋਬੁਲਿਨ ਕੀ ਹੈ?

ਇਮਿਊਨ ਗਲੋਬੁਲਿਨ (Ig) ਹੈਪੇਟਾਈਟਿਸ ਏ ਅਤੇ ਮੀਜ਼ਲਜ਼ (ਖਸਰੇ) ਦੇ ਵਿਗਾੜਾਂ ਦੇ ਵਿਰੁੱਧ ਫੌਰੀ, ਛੋਟੀ-ਮਿਆਦ ਦੀ ਸੁਰੱਖਿਆ ਪ੍ਰਦਾਨ ਕਰਦਾ ਹੈ। Ig ਵਿੱਚ ਮਨੁੱਖੀ ਖੂਨ ਤੋਂ ਲਈਆਂ ਗਈਆਂ ਐਂਟੀਬਾਡੀਆਂ ਹੁੰਦੀਆਂ ਹਨ। ਐਂਟੀਬਾਡੀਆਂ (antibodies) ਉਹ ਪ੍ਰੋਟੀਨ ਹਨ ਜੋ ਤੁਹਾਡਾ ਇਮਿਊਨ ਸਿਸਟਮ ਵਾਇਰਸਾਂ ਅਤੇ ਬੈਕਟੀਰੀਆ ਵਰਗੇ ਰੋਗਾਣੂਆਂ ਨਾਲ ਲੜਨ ਲਈ ਬਣਾਉਂਦਾ ਹੈ। ਹੈਲਥ ਕੈਨੇਡਾ ਨੇ Ig ਨੂੰ ਮਨਜ਼ੂਰੀ ਦਿੱਤੀ ਹੈ।

## ਕੀ ਇਮਿਊਨ ਗਲੋਬੁਲਿਨ ਸੁਰੱਖਿਅਤ ਹੈ?

ਹਾਂ। Ig ਦਾਨ ਕੀਤੇ ਮਨੁੱਖੀ ਖੂਨ ਤੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਉਸਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਟੈਸਟ ਕੀਤਾ ਗਿਆ ਹੈ। ਖੂਨ ਦਾਨ ਕਰਨ ਵਾਲੇ ਸਾਰੇ ਵਿਅਕਤੀਆਂ ਦੀ HIV ਅਤੇ ਹੈਪੇਟਾਈਟਿਸ ਵਰਗੇ ਵਾਇਰਸਾਂ ਦੇ ਨਾਲ ਸੰਪਰਕ ਲਈ ਜਾਂਚ ਕੀਤੀ ਜਾਂਦੀ ਹੈ। Ig ਬਣਾਉਣ ਲਈ ਵਰਤੇ ਜਾਣ ਤੋਂ ਪਹਿਲਾਂ ਖੂਨ ਦੇ ਹਰੇਕ ਦਾਨ ਦੀ ਖੂਨ ਰਾਹੀਂ ਫੈਲਣ ਵਾਲੇ ਵਾਇਰਸਾਂ ਲਈ ਵੀ ਜਾਂਚ ਕੀਤੀ ਜਾਂਦੀ ਹੈ। Ig ਨੂੰ ਤਿਆਰ ਕਰਦੇ ਸਮੇਂ ਬਿਮਾਰੀ ਦਾ ਕਾਰਨ ਬਣ ਸਕਣ ਵਾਲੇ ਵਾਇਰਸਾਂ ਅਤੇ ਬੈਕਟੀਰੀਆ ਨੂੰ ਅਕਿਰਿਆਸ਼ੀਲ ਕਰਨ ਅਤੇ ਹਟਾਉਣ ਲਈ ਕਈ ਕਦਮ ਸ਼ਾਮਲ ਕੀਤੇ ਜਾਂਦੇ ਹਨ। ਇਹ ਯਕੀਨੀ ਬਣਾਉਣ ਲਈ ਕਿ ਕੋਈ ਜਾਣੇ-ਪਛਾਣੇ ਛੂਤਕਾਰੀ ਵਾਇਰਸ ਮੌਜੂਦ ਨਹੀਂ ਹਨ, Ig ਦੀ ਅੰਤਿਮ ਰਚਨਾ ਹੋਰ ਜਾਂਚਾਂ ਵਿੱਚੋਂ ਗੁਜ਼ਰਦੀ ਹੈ।

ਨਿਹਾਇਤ ਹੀ ਛੋਟਾ ਖਤਰਾ ਹੈ ਕਿ Ig ਦੀ ਵਰਤੋਂ ਦੁਆਰਾ ਕੁਝ ਖੂਨ ਰਾਹੀਂ ਫੈਲਣ ਵਾਲੇ ਵਿਗਾੜਾਂ ਨੂੰ ਪਾਸ ਕੀਤਾ ਜਾ ਸਕਦਾ ਹੈ। ਪਰੰਤੂ, ਜਦੋਂ ਤੋਂ ਖੂਨ ਦੀ ਸਕ੍ਰੀਨਿੰਗ ਅਤੇ ਜਾਂਚ ਸ਼ੁਰੂ ਹੋਈ ਹੈ, Ig ਪ੍ਰਾਪਤ ਕਰਨ ਵਾਲੇ ਲੋਕਾਂ ਵਿੱਚ HIV, ਹੈਪੇਟਾਈਟਸ ਬੀ ਜਾਂ ਹੈਪੇਟਾਈਟਸ ਸੀ ਵਰਗੀਆਂ ਖੂਨ ਰਾਹੀਂ ਫੈਲਣ ਵਾਲੇ ਵਿਗਾੜਾਂ ਦੀਆਂ ਕੋਈ ਰਿਪੋਰਟਾਂ ਨਹੀਂ ਹਨ।

## ਇਮਿਊਨ ਗਲੋਬੁਲਿਨ ਕਿਸ ਨੂੰ ਮਿਲਣਾ ਚਾਹੀਦਾ ਹੈ?

ਹੈਪੇਟਾਈਟਸ ਏ ਜਾਂ ਮੀਜ਼ਲਜ਼ (ਖਸਰੇ) ਨਾਲ ਸੰਪਰਕ ਵਿੱਚ ਆਉਣ ਤੋਂ ਬਾਅਦ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਨੂੰ Ig ਦੇ ਸਕਦਾ ਹੈ।

## ਮੈਂ ਸੰਪਰਕ ਤੋਂ ਬਾਅਦ ਹੈਪੇਟਾਈਟਸ ਏ ਨੂੰ ਕਿਵੇਂ ਰੋਕ ਸਕਦਾ/ਦੀ ਹਾਂ?

ਲੋਕ Ig ਪ੍ਰਾਪਤ ਕਰਦੇ ਹਨ ਜੇਕਰ ਉਹ ਹੈਪੇਟਾਈਟਸ ਏ ਤੋਂ ਸੁਰੱਖਿਅਤ ਨਹੀਂ ਹਨ ਅਤੇ ਹੈਪੇਟਾਈਟਸ ਏ ਵੈਕਸੀਨ ਪ੍ਰਾਪਤ ਕਰਨ ਦੇ ਯੋਗ ਨਹੀਂ ਹਨ। ਇਸ ਵਿੱਚ 6 ਮਹੀਨਿਆਂ ਤੋਂ ਘੱਟ ਉਮਰ ਦੇ ਬੱਚੇ ਅਤੇ ਕਮਜ਼ੋਰ ਇਮਿਊਨ ਸਿਸਟਮ ਵਾਲੇ ਕੁਝ ਲੋਕ ਸ਼ਾਮਲ ਹਨ।

Ig ਸਭ ਤੋਂ ਵਧੀਆ ਕੰਮ ਕਰਦਾ ਹੈ ਜੇਕਰ ਉਹ ਜਿੰਨੀ ਜਲਦੀ ਹੋ ਸਕੇ ਦਿੱਤਾ ਜਾਵੇ, ਹੈਪੇਟਾਈਟਸ ਏ ਵਾਇਰਸ ਦੇ ਸੰਪਰਕ ਵਿੱਚ ਆਉਣ ਤੋਂ 14 ਦਿਨਾਂ ਦੇ ਅੰਦਰ।

ਜੇਕਰ ਤੁਸੀਂ ਪਹਿਲਾਂ ਹੀ ਹੈਪੇਟਾਈਟਸ ਏ ਵੈਕਸੀਨ ਦੀਆਂ 2 ਖੁਰਾਕਾਂ ਪ੍ਰਾਪਤ ਕਰ ਚੁੱਕੇ ਹੋ, ਤਾਂ ਤੁਹਾਨੂੰ Ig ਦੀ ਲੋੜ ਨਹੀਂ ਹੈ। ਹੋਰ ਜਾਣਕਾਰੀ ਲਈ, HealthLinkBC File #33 ਹੈਪੇਟਾਈਟਸ ਏ ਵੈਕਸੀਨ ਦੇਖੋ।

## ਮੈਂ ਸੰਪਰਕ ਤੋਂ ਬਾਅਦ ਮੀਜ਼ਲਜ਼ (ਖਸਰੇ) ਨੂੰ ਕਿਵੇਂ ਰੋਕ ਸਕਦਾ/ਦੀ ਹਾਂ?

ਲੋਕ Ig ਪ੍ਰਾਪਤ ਕਰਦੇ ਹਨ ਜੇਕਰ ਉਹ ਮੀਜ਼ਲਜ਼ (ਖਸਰੇ) ਤੋਂ ਸੁਰੱਖਿਅਤ ਨਹੀਂ ਹਨ ਅਤੇ ਮੀਜ਼ਲਜ਼ (ਖਸਰੇ) ਦੀ ਵੈਕਸੀਨ, ਜਿਸ ਨੂੰ MMR ਵੈਕਸੀਨ ਵੀ ਕਿਹਾ ਜਾਂਦਾ ਹੈ, ਪ੍ਰਾਪਤ ਕਰਨ ਦੇ ਯੋਗ ਨਹੀਂ ਹਨ। ਇੰਨ੍ਹਾਂ ਵਿੱਚ ਸ਼ਾਮਲ ਹਨ:

- ਗਰਭਵਤੀ ਵਿਅਕਤੀ ਜਾਂ ਉਹ ਲੋਕ ਜੋ ਗਰਭਵਤੀ ਹੋਣ ਦੀ ਯੋਜਨਾ ਬਣਾ ਰਹੇ ਹਨ
- 12 ਮਹੀਨਿਆਂ ਤੋਂ ਘੱਟ ਉਮਰ ਦੇ ਬੱਚੇ
- ਉਹ ਲੋਕ ਜਿਨ੍ਹਾਂ ਦੀ ਇਮਿਊਨ ਸਿਸਟਮ ਕਮਜ਼ੋਰ ਹੈ

Ig ਸਭ ਤੋਂ ਵਧੀਆ ਕੰਮ ਕਰਦਾ ਹੈ ਜੇਕਰ ਉਹ ਜਿੰਨੀ ਜਲਦੀ ਹੋ ਸਕੇ ਦਿੱਤਾ ਜਾਵੇ, 3 ਦਿਨਾਂ ਦੇ ਅੰਦਰ, ਪਰ ਮੀਜ਼ਲਜ਼ (ਖਸਰੇ) ਵਾਲੇ ਵਿਅਕਤੀ ਦੇ ਸੰਪਰਕ ਵਿੱਚ ਆਉਣ ਤੋਂ 6 ਦਿਨਾਂ ਬਾਅਦ ਨਹੀਂ।

ਜੇਕਰ ਤੁਸੀਂ ਪਹਿਲਾਂ ਹੀ ਮੀਜ਼ਲਜ਼ (ਖਸਰੇ) ਦੀ ਵੈਕਸੀਨ ਦੀਆਂ 2 ਖੁਰਾਕਾਂ ਪ੍ਰਾਪਤ ਕਰ ਚੁੱਕੇ ਹੋ, ਤਾਂ ਤੁਹਾਨੂੰ Ig ਦੀ ਲੋੜ ਨਹੀਂ ਹੈ। For more information, see HealthLinkBC File #14a ਮੀਜ਼ਲਜ਼, ਮੰਪਸ, ਰੁਬੇਲਾ (MMR) ਵੈਕਸੀਨ ਦੇਖੋ।

## ਇਮਿਊਨ ਗਲੋਬੁਲਿਨ ਦੇ ਕੀ ਲਾਭ ਹਨ?

Ig ਹੈਪੇਟਾਈਟਿਸ ਏ ਅਤੇ ਮੀਜ਼ਲਜ਼ (ਖਸਰੇ) ਦੇ ਵਿਗਾੜਾਂ ਦੇ ਵਿਰੁੱਧ ਫੌਰੀ, ਛੋਟੀ-ਮਿਆਦ ਦੀ ਸੁਰੱਖਿਆ ਪ੍ਰਦਾਨ ਕਰਦਾ ਹੈ। ਇਹ ਇਨ੍ਹਾਂ ਵਿਗਾੜਾਂ ਨੂੰ ਰੋਕ ਸਕਦਾ ਹੈ ਜਾਂ ਬਿਮਾਰੀ ਨੂੰ ਘੱਟ ਤੀਬਰ ਬਣਾ ਸਕਦਾ ਹੈ।

## ਇਮਿਊਨ ਗਲੋਬੁਲਿਨ ਤੋਂ ਬਾਅਦ ਸੰਭਾਵੀ ਪ੍ਰਤੀਕਿਰਆਵਾਂ ਕੀ ਹਨ?

Ig ਪ੍ਰਤੀ ਆਮ ਪ੍ਰਤੀਕ੍ਰਿਆਵਾਂ ਵਿੱਚ ਟੀਕੇ ਵਾਲੀ ਥਾਂ 'ਤੇ ਦਰਦ ਅਤੇ ਨਰਮੀ ਸ਼ਾਮਲ ਹੋ ਸਕਦੀ ਹੈ। ਐਲਰਜੀ ਵਾਲੀਆਂ ਪ੍ਰਤੀਕ੍ਰਿਆਵਾਂ (ਛਪਾਕੀ ਅਤੇ ਸੋਜ) ਵੀ ਹੋ ਸਕਦੀਆਂ ਹਨ।

ਕੁਝ ਇਮਿਊਨ ਗਲੋਬੁਲਿਨ ਟੀਕੇ ਦੇ 24 ਘੰਟਿਆਂ ਦੇ ਅੰਦਰ ਥ੍ਰੋਮੋਬਸਿਸ (ਖੂਨ ਦੇ ਥੱਕਿਆਂ) ਦੇ ਜੋਖਮ ਨਾਲ ਜੁੜੇ ਹੋ ਸਕਦੇ ਹਨ, ਖਾਸ ਤੌਰ 'ਤੇ ਜਦੋਂ ਵੱਡੀਆਂ ਮਾਤਰਾਵਾਂ ਦਿੱਤੀਆਂ ਜਾਂਦੀਆਂ ਹਨ। ਥ੍ਰੋਮੋਬਸਿਸ (thrombosis) ਦਾ ਜੋਖਮ ਉਹਨਾਂ ਲੋਕਾਂ ਲਈ ਵਧ ਜਾਂਦਾ ਹੈ:

- ਜਿਹੜੇ 45 ਸਾਲ ਜਾਂ ਉਸ ਤੋਂ ਵਧ ਉਮਰ ਦੇ ਹਨ
- ਜਿੰਨ੍ਹਾਂ ਦਾ ਥ੍ਰੋਮਬੋਸਿਸ ਦਾ ਇਤਿਹਾਸ ਹੈ

- ਜਿੰਨ੍ਹਾਂ ਵਿੱਚ ਥ੍ਰੋਮਬੋਸਿਸ ਲਈ ਜੋਖਮ ਦੇ ਕਾਰਕ ਹਨ

> ਅਸੀਟਾਮੇਨੋਫੇਨ (acetaminophen) (ਉਦਾਹਰਣ ਲਈ ਟਾਇਲੇਨੌਲ (Tylenol®)) ਜਾਂ ਆਈਬਿਊਪ੍ਰੋਫੇਨ (ਬ੍ਰਿਪਰੋਡਇਨ*) (ਉਦਹਾਰਣ ਲਈ ਐਡਵਿਲ (Advil®)) ਬੁਖਾਰ ਜਾਂ ਜਲਨ ਲਈ ਦਿੱਤੀ ਜਾ ਸਕਦੀ ਹੈ। ਰੇ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਏਐਸਏ (ASA) (ਉਦਹਾਰਣ ਲਈ ਐਸਪਰੀਨ (Aspirin®)) ਨਹੀਂ ਦਿੱਤੀ ਜਾਣੀ ਚਾਹੀਦੀ।

* ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨਾਲ  ਪਹਿਲਾਂ ਗੱਲ ਕੀਤੇ ਬਿਨਾਂ 6 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਆਈਬਿਊਪਰੋਫ਼ੈਨ ਨਹੀਂ ਦਿੱਤੀ ਜਾਣੀ ਚਾਹੀਦੀ।

ਰੇਏ ਸਿੰਡਰੋਮ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ, HealthLinkBC File #84 ਰੇਏ ਸਿੰਡਰੋਮ ਦੇਖੋ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਅਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਜ਼ਰੂਰੀ ਹੈ, ਕਿਉਂਕਿ ਇੱਕ ਮਿਲੀਅਨ ਵਿੱਚੋਂ 1 ਤੋਂ ਘੱਟ ਵਿੱਚ, ਐਨਾਫਲੈਕਸਿਸ ਨਾਮਕ ਜਾਨਲੇਵਾ ਐਲਰਜਿਕ ਪ੍ਰਤੀਕਿਰਿਆ ਦੀ ਦੁਰਲੱਭ ਸੰਭਾਵਨਾ ਹੈ। ਇਸ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇਕਰ ਇਹ ਪ੍ਰਤੀਕਿਰਿਆ ਹੁੰਦੀ ਹੈ, ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਸਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਏਪੀਨੇਫ੍ਰਿਨ (ਐਡਰੇਨਲਿਨ) ਦਿੱਤੇ ਜਾਣਾ ਅਤੇ ਐਂਬੂਲੈਂਸ ਦੁਆਰਾ ਨਜ਼ਦੀਕੀ ਐਮਰਜੈਂਸੀ ਵਿਭਾਗ ਵਿੱਚ ਟ੍ਰਾਂਸਫਰ ਕਰਨਾ ਸ਼ਾਮਲ ਹੈ। ਜੇਕਰ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਅਦ ਲੱਛਣ ਪੈਦਾ ਹੁੰਦੇ ਹਨ, ਤਾਂ **9-1-1** 'ਤੇ ਜਾਂ ਸਥਾਨਕ ਐਮਰਜੈਂਸੀ ਨੰਬਰ 'ਤੇ ਕਾਲ ਕਰੋ।

ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਹਮੇਸ਼ਾ ਗੰਭੀਰ ਜਾਂ ਅਚਾਨਕ ਹੋਣ ਵਾਲੀਆਂ ਪ੍ਰਤੀਕਿਰਿਆਵਾਂ ਦੀ ਰਿਪੋਰਟ ਕਰੋ।

## ਇਮਿਊਨ ਗਲੋਬੂਲਿਨ ਕਿਸ ਨੂੰ ਨਹੀਂ ਲੈਣਾ ਚਾਹੀਦਾ?

ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜੇ:

- ਤੁਹਾਨੂੰ ਇਮਿਊਨ ਗਲੋਬੂਲਿਨ ਦੀ ਪਿਛਲੀ ਖੁਰਾਕ, ਜਾਂ ਵੈਕਸੀਨ ਦੇ ਕਿਸੇ ਵੀ ਹਿੱਸੇ ਪ੍ਰਤੀ ਜਾਨਲੇਵਾ ਐਲਰਜਿਕ ਪ੍ਰਤੀਕ੍ਰਿਆ ਹੋਈ ਸੀ
- ਤੁਹਾਨੂੰ ਆਸੋਲੇਟਿਡ ਇਮਿਊਨੋਗਲੋਬੁਲਿਨ ਏ ਡੇਫੇਸ਼ੈਂਸੀ (isolated immunoglobulin A deficiency) ਨਾਮ ਦੀ ਅਵਸਥਾ ਹੈ
- ਤੁਹਾਡਾ ਥ੍ਰੋਮਬੋਸਿਸ ਦਾ ਇਤਿਹਾਸ ਜਾਂ ਕੋਈ ਜੋਖਮ ਕਾਰਕ ਹਨ
- ਤੁਸੀਂ ਪਿਛਲੇ 14 ਦਿਨਾਂ ਦੇ ਅੰਦਰ MMR ਜਾਂ ਚਿਕਨਪੌਕਸ ਵੈਕਸੀਨ ਪ੍ਰਾਪਤ ਕੀਤੀ ਹੈ

## ਹੈਪੇਟਾਈਟਿਸ ਏ ਕੀ ਹੈ?

ਹੈਪੇਟਾਈਟਸ ਏ ਇੱਕ ਰੋਕਥਾਮਯੋਗ ਬਿਮਾਰੀ ਹੈ ਜੋ ਜਿਗਰ ਨੂੰ ਪ੍ਰਭਾਵਿਤ ਕਰਦੀ ਹੈ। ਲੱਛਣਾਂ ਵਿੱਚ ਥਕਾਵਟ, ਬੁਖਾਰ, ਮਤਲੀ ਅਤੇ ਉਲਟੀਆਂ, ਭੁੱਖ ਨਾ ਲੱਗਣਾ, ਪੇਟ ਦੇ ਉੱਪਰਲੇ-ਸੱਜੇ ਹਿੱਸੇ ਵਿੱਚ ਦਰਦ ਮਹਿਸੂਸ ਹੋਣਾ, ਗੂੜ੍ਹਾ ਰੰਗ ਦਾ ਪਿਸ਼ਾਬ, ਫਿੱਕੀਆਂ ਟੱਟੀਆਂ ਅਤੇ ਪੀਲੀਆ (ਚਮੜੀ ਅਤੇ ਅੱਖਾਂ ਦਾ ਪੀਲਾ ਹੋਣਾ) ਸ਼ਾਮਲ ਹੋ ਸਕਦੇ ਹਨ। ਕੁਝ ਲੋਕਾਂ, ਖਾਸ ਕਰਕੇ ਛੋਟੇ ਬੱਚਿਆਂ ਵਿੱਚ ਕੋਈ ਲੱਛਣ ਨਹੀਂ ਹੋ ਸਕਦੇ ਹਨ। ਭਾਵੇਂ ਕਿਸੇ ਵਿਅਕਤੀ ਵਿੱਚ ਲੱਛਣ ਨਾ ਹੋਣ, ਫਿਰ ਵੀ ਉਹ ਵਾਇਰਸ ਨੂੰ ਦੂਜਿਆਂ ਵਿੱਚ ਫੈਲਾ ਸਕਦਾ ਹੈ। ਬਹੁਤੇ ਲੋਕ ਜਿਗਰ ਨੂੰ ਸਥਾਈ ਨੁਕਸਾਨ ਦੇ ਬਿਨਾਂ ਪੂਰੀ ਤਰ੍ਹਾਂ ਠੀਕ ਹੋ ਜਾਂਦੇ ਹਨ। ਕੁਝ ਬਜ਼ੁਰਗ ਬਾਲਗ ਜਾਂ ਹੋਰ ਡਾਕਟਰੀ ਸਥਿਤੀਆਂ ਵਾਲੇ ਲੋਕਾਂ ਨੂੰ ਠੀਕ ਹੋਣ ਵਿੱਚ ਜ਼ਿਆਦਾ ਸਮਾਂ ਲੱਗ ਸਕਦਾ ਹੈ ਜਾਂ ਉਨ੍ਹਾਂ ਦੀ ਬਿਮਾਰੀ ਦਾ ਵਿਕਾਸ ਵਧੇਰਾ ਗੰਭੀਰ ਹੋ ਸਕਦਾ ਹੈ।

## ਮੀਜ਼ਲਜ਼ (ਖਸਰਾ) ਕੀ ਹੈ?

ਮੀਜ਼ਲਜ਼, ਜਿਸ ਨੂੰ ਰੈਡ ਮੀਜ਼ਲਜ਼ ਵੀ ਕਿਹਾ ਜਾਂਦਾ ਹੈ, ਮੀਜ਼ਲਜ਼ ਵਾਇਰਸ ਕਰਕੇ ਹੋਣ ਵਾਲੀ ਗੰਭੀਰ ਬਿਮਾਰੀ ਹੈ। ਇਹ ਬੁਖਾਰ, ਧੱਫੜ, ਜ਼ੁਕਾਮ ਵਰਗੇ ਲੱਛਣਾਂ ਅਤੇ ਲਾਲ, ਸੋਜ ਵਾਲੀਆਂ ਅੱਖਾਂ ਦਾ ਕਾਰਨ ਬਣਦਾ ਹੈ ਜੋ ਰੋਸ਼ਨੀ ਪ੍ਰਤੀ ਸੰਵੇਦਨਸ਼ੀਲ ਹੋ ਸਕਦੀਆਂ ਹਨ। ਇਸ ਕਰਕੇ ਕੰਨਾਂ ਜਾਂ ਫੇਫੜਿਆਂ (ਨਿਮੋਨਿਆ) ਦੇ ਵਿਗਾੜ ਹੋ ਸਕਦੇ ਹਨ। 1,000 ਵਿੱਚੋਂ ਇੱਕ ਵਿਅਕਤੀ ਵਿੱਚ ਹੋਣ ਵਾਲੀਆਂ ਵਧੇਰੇ ਗੰਭੀਰ ਜਟਿਲਤਾਵਾਂ ਵਿੱਚ ਇਨਸੇਫਲਾਈਟਿਸ, ਦਿਮਾਗ ਦੀ ਸੋਜਸ਼, ਸ਼ਾਮਲ ਹਨ। ਇਸ ਨਾਲ ਦੌਰੇ ਪੈ ਸਕਦੇ ਹਨ, ਬੋਲਾਪਣ ਹੋ ਸਕਦਾ ਹੈ ਜਾਂ ਦਿਮਾਗ ਨੂੰ ਸਥਾਈ ਨੁਕਸਾਨ ਹੋ ਸਕਦਾ ਹੈ। ਖਸਰੇ ਵਾਲੇ 3,000 ਲੋਕਾਂ ਵਿੱਚੋਂ ਲਗਭਗ 1 ਵਿਅਕਤੀ ਦੀ ਜਟਿਲਤਾਵਾਂ ਕਰਕੇ ਮੌਤ ਹੋ ਸਕਦੀ ਹੈ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਤਾ-ਪਿਤਾ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਬੱਚੇ ਟੀਕਾਕਰਣ (ਇਮਿਊਨਾਈਜ਼ੇਸ਼ਨ) ਲਈ ਸਹਿਮਤੀ ਬਾਰੇ ਚਰਚਾ ਕਰਨ।

19 ਸਾਲ ਤੋਂ ਘੱਟ ਉਮਰ ਦੇ ਉਹ ਬੱਚੇ ਜਿਹੜੇ ਹਰ ਵੈਕਸੀਨ ਦੇ ਲਾਭ ਅਤੇ ਸੰਭਵ ਪ੍ਰਤੀਕਿਰਿਆਵਾਂ ਅਤੇ ਇਮਿਊਨਾਈਜ਼ੇਸ਼ਨ ਨਾ ਕਰਵਾਉਣ ਦੇ ਜੋਖਮ ਸਮਝਣ ਦੇ ਕਾਬਲ ਹੋਣ, ਕਾਨੂੰਨੀ ਤੌਰ ਤੇ ਇਮਿਊਨਾਈਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਇਨਕਾਰ ਕਰ ਸਕਦੇ ਹਨ। ਸਿਆਣੇ ਨਾਬਾਲਗਾਂ ਦੀ ਸਹਿਮਤੀ ਬਾਰੇ ਹੋਰ ਜਾਣਕਾਰੀ ਵਾਸਤੇ HealthLinkBC File #119 ਦ ਇੰਨਫੈਂਟਸ ਐਕਟ, ਸਿਆਣੇ ਨਾਬਾਲਗਾਂ ਦੀ ਸਹਿਮਤੀ ਅਤੇ ਇਮਿਊਨਾਈਜ਼ੇਸ਼ਨ ਦੇਖੋ।

BC Centre for Disease Control
Provincial Health Services Authority